**ਕਲਿਆਨ ਮਹਲਾ ੫ ॥ ਗੁਨ ਨਾਦ ਧੁਨਿ ਅਨੰਦ ਬੇਦ ॥ ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ ॥੧॥ ਰਹਾਉ ॥ ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ ॥੧ ॥ ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ ॥ ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ ॥੨॥੨॥੫॥** {ਪੰਨਾ 1322}

ਪਦ ਅਰਥ :- ਗੁਨ—(ਪਰਮਾਤਮਾ ਦੇ) ਗੁਣ (ਗਾਵਣੇ)। ਨਾਦ—(ਜੋਗੀਆਂ ਦੇ) ਨਾਦ (ਵਜਾਣੇ ਹਨ)। ਧੁਨਿ—ਰੌ। ਧੁਨਿ ਅਨੰਦ—(ਗੁਣ ਗਾਵਣ ਤੋਂ ਪੈਦਾ ਹੋਈ) ਆਨੰਦ ਦੀ ਰੌ। ਕਥਤ—(ਪ੍ਰਭੂ ਦੇ ਗੁਣ) ਕਥਦੇ ਹਨ। ਮੁਨਿ ਜਨਾ—ਉਹ ਸੇਵਕ ਜਿਨ੍ਹਾਂ ਨੇ ਆਪਣੇ ਮਨ ਨੂੰ ਵਿਕਾਰਾਂ ਵਲੋਂ ਚੁੱਪ ਕਰਾ ਲਿਆ ਹੈ। ਮਿਲਿ—ਮਿਲ ਕੇ। ਸੰਤ ਮੰਡਲੀ—ਸਾਧ ਸੰਗਤਿ ਵਿਚ।1। ਰਹਾਉ।

ਗਿਆਨ—ਆਤਮਕ ਜੀਵਨ ਦੀ ਸੂਝ। ਧਿਆਨ —(ਪ੍ਰਭੂ-ਚਰਨਾਂ ਵਿਚ ਜੁੜੀ ) ਸੁਰਤਿ। ਮਾਨ — ਆਦਰ, (ਨਾਮ ਨਾਲ) ਪਿਆਰ। ਦਾਨ—(ਨਾਮ ਦੀ ਹੋਰਨਾਂ ਨੂੰ ) ਵੰਡ। ਰਸਿਕ—ਰਸੀਏ (ਨੋਟ:- ਲਫ਼ਜ਼ 'ਰਸਿਕ' ਅਤੇ 'ਰਸਕਿ' ਦਾ ਫ਼ਰਕ ਚੇਤੇ ਰੱਖਣ -ਜੋਗ ਹੈ। 'ਰਸਿਕ'—ਰਸੀਏ (ਵਿਸ਼ੇਸ਼ਣ)। ਰਸਕਿ—ਰਸ ਨਾਲ)। ਮਨ ਰਸਿਕ—ਰਸੀਏ ਮਨ। ਜਪਤ—ਜਪਦੇ ਹਨ। ਤਹ—ਉਥੇ, ਉਸ ਸਾਧ ਸੰਗਤਿ ਵਿਚ। ਖੰਡਲੀ—ਨਾਸ ਹੋ ਜਾਂਦੇ ਹਨ।1।

ਜੋਗ—(ਪ੍ਰਭੂ ਨਾਲ) ਮਿਲਾਪ। ਜੋਗ ਜੁਗਤਿ —ਪ੍ਰਭੂ ਨਾਲ ਮਿਲਾਪ ਦਾ ਢੰਗ। ਜੋਗ ਜੁਗਤਿ ਤਤ ਬੇਤੇ—ਪ੍ਰਭੂ ਨਾਲ ਮਿਲਾਪ ਦੀ ਜੁਗਤਿ ਦੇ ਭੇਤ ਨੂੰ ਜਾਣਨ ਵਾਲੇ। ਗਿਆਨ —ਆਤਮਕ ਜੀਵਨ ਦੀ ਸੂਝ। ਭੁਗਤਿ—(ਆਤਮਕ) ਖ਼ੁਰਾਕ। ਗਿਆਨ ਭੁਗਤਿ—ਆਤਮਕ ਜੀਵਨ ਦੀ ਸੂਝ -ਰੂਪ ਆਤਮਕ ਖ਼ੁਰਾਕ। ਗਿਆਨ ਭੁਗਤਿ ਤਤ ਬੇਤੇ—ਆਤਮਕ ਜੀਵਨ ਦੀ ਸੂਝ-ਰੂਪ ਆਤਮਕ ਖ਼ੁਰਾਕ ਦੇ ਭੇਤ ਨੂੰ ਜਾਣਨ ਵਾਲੇ। ਸੁਰਤਿ ਸਬਦ ਤਤ ਬੇਤੇ —ਗੁਰੂ ਦੇ ਸ਼ਬਦ ਦੀ ਲਗਨ ਦੇ ਭੇਤ ਨੂੰ ਜਾਣਨ ਵਾਲੇ। ਅਖੰਡਲੀ—ਇੱਕ-ਸਾਰ, ਸਦਾ। ਓਤਿ —(Awyq—ਉਇਆ ਹੋਇਆ ) ਉਣੇ ਹੋਏ ਵਿਚ। ਪੋਤ — (pRwyq—ਪ੍ਰੋਤਾ ਹੋਇਆ) ਪ੍ਰੋਤੇ ਹੋਏ ਵਿਚ। ਓਤਿ ਪੋਤਿ —ਉਣੇ ਹੋਏ ਪ੍ਰੋਤੇ ਵਿਚ , ਤਾਣੇ ਪੇਟੇ ਵਾਂਗ। ਮਿਲਿ—ਮਿਲ ਕੇ। ਨ ਡੰਡਲੀ—ਡੰਨ ਨਹੀਂ ਦੇਂਦਾ।2।

ਅਰਥ:- ਹੇ ਭਾਈ! (ਪਰਮਾਤਮਾ ਦੇ) ਗੁਣ (ਗਾਵਣੇ, ਜੋਗੀਆਂ ਦੇ) ਨਾਦ (ਵਜਾਣੇ ਹਨ), (ਪ੍ਰਭੂ ਦੇ ਗੁਣ ਗਾਵਣ ਤੋਂ ਪੈਦਾ ਹੋਈ) ਆਨੰਦ ਦੀ ਰੌ (ਹੀ) ਵੇਦ ਹਨ। ਹੇ ਭਾਈ! ਉਹ ਸੇਵਕ ਜਿਨ੍ਹਾਂ ਨੇ ਆਪਣੇ ਮਨ ਨੂੰ ਵਿਕਾਰਾਂ ਵਲੋਂ ਚੁੱਪ ਕਰਾ ਲਿਆ ਹੁੰਦਾ ਹੈ ਸਾਧ ਸੰਗਤਿ ਵਿਚ ਮਿਲ ਕੇ ਇਹੀ ਗੁਣ ਗਾਂਦੇ ਹਨ

ਅਤੇ ਸੁਣਦੇ ਹਨ।1। ਰਹਾਉ।

ਹੇ ਭਾਈ! (ਸਾਧ ਸੰਗਤਿ ਵਿਚ ਜਿੱਥੇ ) ਆਤਮਕ ਜੀਵਨ ਦੀ ਸੂਝ ਪ੍ਰਾਪਤ ਹੁੰਦੀ ਹੈ , ਜਿੱਥੇ ਪ੍ਰਭੂ-ਚਰਨਾਂ ਵਿਚ ਸੁਰਤਿ ਜੁੜਦੀ ਹੈ , ਜਿਥੇ ਹਰਿ-ਨਾਮ ਨਾਲ ਪਿਆਰ ਬਣਦਾ ਹੈ , ਜਿੱਥੇ ਹਰਿ-ਨਾਮ ਹੋਰਨਾਂ ਨੂੰ ਵੰਡਿਆ ਜਾਂਦਾ ਹੈ, ਉੱਥੇ ਰਸੀਏ ਮਨ (ਆਪਣੀ) ਜੀਭ ਨਾਲ ਨਾਮ ਜਪਦੇ ਹਨ, ਉੱਥੇ ਸਾਰੇ ਪਾਪ ਨਾਸ ਹੋ ਜਾਂਦੇ ਹਨ।1।

ਹੇ ਨਾਨਕ! ਪ੍ਰਭੂ ਨਾਲ ਮਿਲਾਪ ਦੀ ਜੁਗਤਿ ਦੇ ਭੇਤ ਨੂੰ ਜਾਣਨ ਵਾਲੇ , ਆਤਮਕ ਜੀਵਨ ਦੀ ਸੂਝ-ਰੂਪ ਆਤਮਕ ਖ਼ੁਰਾਕ ਦੇ ਭੇਤ ਨੂੰ ਜਾਣਨ ਵਾਲੇ, ਗੁਰੂ ਦੇ ਸ਼ਬਦ ਦੀ ਲਗਨ ਦੇ ਭੇਤ ਨੂੰ ਜਾਣਨ ਵਾਲੇ ਮਨੁੱਖ (ਸਾਧ ਸੰਗਤਿ ਵਿਚ ਟਿਕ ਕੇ ਇਹੀ ਨਾਮ -ਸਿਮਰਨ ਦਾ) ਜਪ ਅਤੇ ਤਪ ਸਦਾ ਕਰਦੇ ਹਨ , ਉਹ ਮਨੁੱਖ ਰੱਬੀ ਜੋਤਿ ਨਾਲ ਮਿਲ ਕੇ ਤਾਣੇ ਪੇਟੇ ਵਾਂਗ (ਉਸ ਨਾਲ) ਇੱਕ-ਰੂਪ ਹੋ ਜਾਂਦੇ ਹਨ , (ਉਹਨਾਂ ਨੂੰ) ਕੋਈ ਭੀ ਦੁੱਖ ਦੁਖੀ ਨਹੀਂ ਕਰ ਸਕਦਾ।2। 2।5।